# ਨਾਟਕ 'ਢੋਲ ਸਿਪਾਹੀ' ਦੀ ਪੇਸ਼ਕਾਰੀ : ਕਈ ਸਵਾਲ, ਕਈ ਵੰਗਾਰਾਂ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਕੇਵਲ ਧਾਲੀਵਾਲ ਵਲੋਂ 'ਢੋਲ ਸਿਪਾਹੀ' ਦੀ ਪੇਸ਼ਕਾਰੀ ਪੰਜਾਬੀ ਨਾਟਕ ਅੱਗੇ ਕਈ ਸਵਾਲ ਅਤੇ ਕਈ ਵੰਗਾਰਾਂ ਖੜ੍ਹੀਆਂ ਕਰਦੀ ਹੈ ਕਿ ਉਸ ਦਾ ਵਿਕਾਸ ਕਿਸ ਦਿਸ਼ਾ ਵਿਚ ਹੋਵੇ? 'ਢੋਲ ਸਿਪਾਹੀ' ਸੰਗੀਤ ਨਾਟਕ ਅਕਾਦਮੀ ਨਵੀਂ ਦਿੱਲੀ ਦੀ ਭਾਰਤੀ ਭਾਸ਼ਾਵਾਂ ਵਿਚ ਨਾਟਕ ਲੇਖਨ ਵਰਕਸ਼ਾਪ ਯੋਜਨਾ ਦੇ ਤਹਿਤ ਪ੍ਰੀਤ ਮਹਿੰਦਰ ਸੇਖੋਂ ਦਾ ਲਿਖਿਆ ਹੋਇਆ ਨਾਟਕ ਹੈ। ਇਹ 6 ਅਗਸਤ 1999 ਨੂੰ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਥੱਲੇ ਅੰਮ੍ਰਿਤਸਰ ਵਿਖੇ ਉਰਵੀ ਆਡੀਟੋਰੀਅਮ ਡੀ.ਏ.ਵੀ. ਕਾਲਜ ਫਾਰ ਵਿਮਨ ਦੀ ਸਟੇਜ ਉਤੇ, ਸੰਗੀਤ ਨਾਟਕ ਅਕਾਦਮੀ ਨਵੀਂ ਦਿੱਲੀ ਅਤੇ ਉਤਰੀ ਖੇਤਰ ਸਭਿਆਚਾਰਕ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਮੰਚ ਰੰਗਮੰਚ ਅੰਮ੍ਰਿਤਸਰ ਵਲੋਂ ਖੇਡਿਆ ਗਿਆ। ਨਾਟਕ ਵਿਚ ਭਾਗ ਲੈਣ ਵਾਲਿਆਂ ਵਿਚ ਲੱਖਾ ਲਹਿਰੀ ਅਤੇ ਹਰਦੀਪ ਗਿਲ ਵਰਗੇ ਨਾਮਵਰ ਐਕਟਰ ਸ਼ਾਮਲ ਸਨ।

ਇਸ ਮੌਕੇ ਉਤੇ ਜੋ ਚਹੁਵਰਕੀ ਦਰਸ਼ਕਾਂ ਵਿਚ ਵੰਡੀ ਗਈ, ਉਸ ਵਿਚ ਉਸ ਚੰਗੇ ਕੰਮ ਬਾਰੇ ਜਾਣਕਾਰੀ ਮਿਲਦੀ ਹੈ, ਜੋ ਸੰਗੀਤ ਨਾਟਕ ਅਕਾਦਮੀ ਨਵੀਂ ਦਿੱਲੀ ਵਲੋਂ ਭਾਰਤੀ ਭਾਸ਼ਾਵਾਂ ਵਿਚ ਵਰਕਸ਼ਾਪ ਲਾ ਕੇ ਨਾਟਕ ਲੇਖਨ ਦੇ ਸਬੰਧ ਵਿਚ ਹੋਇਆ ਹੈ। ਪਹਿਲੀ ਵਰਕਸ਼ਾਪ 1994 ਵਿਚ ਤਾਮਿਲ ਭਾਸ਼ਾ ਵਿਚ ਲੱਗੀ। ਦੂਸਰੀ ਗੁਜਰਾਤ ਵਿਚ ਲੱਗੀ। ਤੀਸਰੀ ਲੇਖਨ ਵਰਕਸ਼ਾਪ ਰੰਗਮੰਚ ਅਤੇ ਦੂਰਦਰਸ਼ਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ ਪੰਜਾਬੀ ਭਾਸ਼ਾ ਵਿਚ 26 ਨਵੰਬਰ 98 ਤਕ ਲਾਈ ਗਈ। ਇਸ ਵਰਕਸ਼ਾਪ ਵਿਚ ਪ੍ਰੀਤਮਹਿੰਦਰ ਸੇਖੋਂ ਦਾ ਨਾਟਕ 'ਢੋਲ ਸਿਪਾਹੀ' ਚੁਣਿਆ ਗਿਆ।

ਪ੍ਰੀਤ ਮਹਿੰਦਰ ਨੇ ਪੰਜਾਬੀ ਵਿਚ ਐਮ.ਏ. ਅਤੇ ਫਾਰਸੀ ਵਿਚ ਸਰਟੀਫਿਕੇਟ ਕੋਰਸ ਕੀਤਾ ਹੋਇਆ ਹੈ। ਉਹ ਆਕਾਸ਼ਬਾਣੀ ਕੇਂਦਰ ਪਟਿਆਲਾ ਵਿਖੇ ਅਨਾਊਂਸਰ ਦਾ ਕੰਮ ਕਰਦਾ ਹੈ। ਰੇਡੀਓ ਨਾਟਕ ਉਹਦੀ ਵਿਸ਼ੇਸ਼ਤਾ ਹੈ।

'ਢੋਲ ਸਿਪਾਹੀ' ਪ੍ਰੀਤ ਮਹਿੰਦਰ ਦਾ ਰੰਗਮੰਚ ਲਈ ਪਹਿਲਾ ਪੂਰਾ ਨਾਟਕ ਹੈ। ਇਸ ਨਾਟਕ ਵਿਚ ਉਹਦੀ ਪ੍ਰਤਿਭਾ, ਸੰਭਾਵਨਾਵਾਂ ਅਤੇ ਨਾਲ ਹੀ ਉਹਦੀਆਂ ਸੀਮਾਵਾਂ ਦਾ ਵੀ ਪਤਾ ਲਗਦਾ ਹੈ। ਪ੍ਰਤਿਭਾ ਉਹਦੇ ਕੋਲ ਇਹ ਹੈ ਕਿ ਉਹਦੇ ਕੋਲ ਨਾਟਕ ਦੀ ਜ਼ਬਾਨ ਦੀ ਮੁਹਾਰਤ ਹੈ। ਸੰਭਾਵਨਾਵਾਂ ਇਹ ਹਨ ਕਿ ਉਹ ਨਾਟਕ ਦੇ ਮੁਹਾਵਰੇ ਦੀ ਪੂਰੀ ਜਾਣਕਾਰੀ ਰੱਖਦਾ ਹੈ। ਸੀਮਾ ਇਹ ਹੈ ਕਿ ਸਮਾਜਿਕ ਚੇਤਨਾ ਉਸ ਪੱਧਰ ਦੀ ਨਹੀਂ ਜੋ ਕਿਸੇ ਸਾਹਿਤਕ ਜਾਂ ਨਾਟਕੀ ਕਿਰਤ ਨੂੰ ਸ਼ਕਤੀ ਅਤੇ ਮਹਾਨਤਾ ਦਿੰਦੀ ਹੈ।

ਜ਼ਿੰਦਗੀ ਦਾ ਯਥਾਰਥ ਪੇਸ਼ ਕਰਨਾ ਆਪਣੇ ਆਪ ਵਿਚ ਹਰ ਇਕ ਸਾਹਿਤਕ ਕਿਰਤ, ਜਿਸ ਵਿਚ ਨਾਟਕ ਵੀ ਸ਼ਾਮਲ ਹੈ, ਦੀ ਪਹਿਲੀ ਮੰਗ ਹੈ। ਪਰ ਉਸ ਯਥਾਰਥ ਵਿਚੋਂ ਅੱਗੇ ਸੁਨੇਹਾ ਦੇਣਾ ਸਾਹਿਤਕ/ਨਾਟਕੀ ਕਿਰਤ ਦਾ ਜ਼ਰੂਰੀ ਗੁਣ ਗਿਣਿਆ ਜਾਂਦਾ ਹੈ। ਸੇਖੋਂ ਨੇ ਇਸ ਨਾਟਕ ਦੇ ਵਿਚ ਪੰਜਾਬ ਦੀ ਨਿਮਨ ਕਿਸਾਨੀ ਦਾ ਯਥਾਰਥ ਤਾਂ ਬਾਖੂਬੀ ਪੇਸ਼ ਕੀਤਾ ਹੈ। ਇਸ ਵਰਗ ਦੇ ਦੁੱਖ ਅਤੇ ਪੀੜਾਂ ਨੂੰ ਵਿਸ਼ਾ ਬਣਾਇਆ ਹੈ। ਪਰ ਕੀ ਇਸ ਦੁੱਖ ਅਤੇ ਪੀੜਾ ਦਾ ਕੋਈ ਹੱਲ ਹੈ? ਇਸ ਸਵਾਲ ਨੂੰ ਉਹ ਸੰਬੋਧਿਤ ਨਹੀਂ ਹੋਇਆ। ਕੀ ਪੰਜਾਬ ਦਾ ਖੇਤੀ ਨਾਲ ਜੁੜਿਆ ਵਰਤਾਰਾ ਕਿਸੇ ਸਾਹਿਤਕਾਰ/ ਨਾਟਕਕਾਰ ਕੋਲੋਂ ਕਿਸੇ ਟਿੱਪਣੀ ਦਾ ਹੱਕਦਾਰ ਨਹੀਂ? ਕੀ ਹਾਲਾਤ ਅੱਗੇ ਹੱਥ ਖੜ੍ਹੇ ਕਰ ਦੇਣੇ ਹੀ ਜ਼ਿੰਦਗੀ ਦਾ ਇਕੋ ਇਕ ਯਥਾਰਥ ਹੈ? ਇਹ ਸਵਾਲ ਨਾਟਕ ਵੇਖਣ ਤੋਂ ਬਾਅਦ ਇਕ ਜ਼ਰੂਰੀ ਸਵਾਲ ਬਣ ਕੇ ਉਠਦਾ ਹੈ।

ਨਾਟਕ ਦਾ ਕਹਾਣੀ ਦਾ ਸੰਖੇਪ ਰੂਪ ਇਹ ਹੈ ਕਿ ਇਕ ਮਾਂ ਦੇ ਦੋ ਪੁੱਤਰ ਹਨ। ਬਾਪ ਦੀ ਛਾਂ ਪੁੱਤਰਾਂ ਦੇ ਸਿਰ ਤੋਂ ਉਠ ਚੁੱਕੀ ਹੈ। ਵੱਡਾ ਪੁੱਤਰ ਖੇਤੀ ਕਰਦਾ ਹੈ। ਛੋਟਾ ਪੜ੍ਹਦਾ ਹੈ। ਵੱਡੇ ਦਾ ਇਸ ਕਰ ਕੇ ਵਿਆਹ ਨਹੀਂ ਹੋ ਰਿਹਾ ਕਿਉਂਕਿ ਜੋ ਵੀ ਇਸ ਘਰ ਨਾਲ ਰਿਸ਼ਤਾ ਜੋੜਨਾ ਚਾਹੁੰਦਾ ਹੈ, ਉਹਦੇ ਲਈ ਛੋਟਾ ਪੁੱਤਰ ਬਹੁਤੀ ਖਿੱਚ ਰੱਖਦਾ ਹੈ। ਵੱਡੇ ਭਰਾ ਲਈ ਇਹ ਨਿਰਾਸ਼ਤਾ ਵੀ ਹੈ ਅਤੇ ਸ਼ਿਕਾਇਤ ਵੀ ਹੈ। ਉਹਦੇ ਸੁਭਾਅ ਵਿਚ ਚਿੜਚਿੜਾਪਣ ਅਤੇ ਈਰਖਾ ਆ ਗਈ ਹੈ। ਇਹ ਉਹਦੀ ਮਾਨਸਿਕਤਾ ਬਣ ਚੁੱਕੀ ਹੈ।

ਮਾਂ ਲਈ ਵੀ ਇਹ ਮਾਨਸਿਕ ਕਲੇਸ਼ ਹੈ। ਘਰ ਵਿਚ ਇਕ ਭੈਣ ਵੀ ਵਿਆਹੁਣਯੋਗ ਹੈ। ਛੋਟੇ ਭਰਾ ਦਾ ਅਤੇ ਭੈਣਾਂ ਦਾ ਵਿਆਹ ਹੋ ਜਾਂਦਾ ਹੈ ਪਰ ਇਸ ਸਾਰੇ ਕਾਰਜ ਵਿਚ ਘਰ ਕਰਜ਼ੇ ਦੇ ਬੋਝ ਥੱਲੇ ਦੱਬ ਜਾਂਦਾ ਹੈ। ਨਿੱਕਾ ਭਰਾ ਫੌਜ ਵਿਚ ਭਰਤੀ ਹੋ ਜਾਂਦਾ ਹੈ, (ਢੋਲ ਸਿਪਾਹੀ)। ਵੱਡਾ ਭਰਾ ਨਸ਼ੇ ਦਾ ਆਦੀ ਹੋ ਜਾਂਦਾ ਹੈ। ਨਵਵਿਆਹੀ ਫੌਜਣ ਘਰ ਸਾਂਭਦੀ ਹੈ। ਅਚਾਨਕ ਫੌਜੀ ਦੇ ਲਾਪਤਾ ਹੋਣ ਦੀ ਖਬਰ ਆ ਜਾਂਦੀ ਹੈ। ਫੌਜਣ ਬਹੁਤ ਅਰਸਾ ਫੌਜੀ ਦੀ ਉਡੀਕ ਕਰਦੀ ਹੈ ਪਰ ਘਰ ਦੇ ਹਾਲਾਤ ਅੱਗੇ ਮਜਬੂਰ ਹੋ ਕੇ ਜੇਠ ਨਾਲ ਚਾਦਰ ਪਾ ਲੈਂਦੀ ਹੈ ਤਾਂ ਜੋ ਖਾਨਦਾਨ ਦੀਆਂ ਜੜ੍ਹਾਂ ਲੱਗੀਆਂ ਰਹਿਣ। ਫੌਜੀ ਆ ਜਾਂਦਾ ਹੈ। ਹੁਣ ਫੌਜਣ ਕੀ ਕਰੇ? ਉਹ ਜੇਠ ਦੀ ਪਤਨੀ ਬਣ ਚੁੱਕੀ ਹੈ। ਉਹਦੇ ਪੁੱਤਰ ਦੀ ਮਾਂ ਬਣ ਚੁੱਕੀ ਹੈ। ਉਹਦੀਆਂ ਜੜ੍ਹਾਂ ਕਿੱਥੇ ਹਨ?

ਕਹਾਣੀ ਦਾ ਖਾਕਾ ਹੀ ਦੱਸਦਾ ਹੈ ਕਿ ਇਹਦੇ ਵਿਚ ਇਕ ਫਿਲਮੀ ਕਹਾਣੀ ਦੇ ਅੰਸ਼ ਹਨ। ਨਾਟਕ ਦਾ ਨਿਭਾਅ ਵੀ ਉਸੇ ਸ਼ੈਲੀ ਵਿਚ ਕੀਤਾ ਗਿਆ ਹੈ। ਛੋਟੇ ਛੋਟੇ ਸੀਨ ਤੇ ਉਪ ਪਲਾਟ ਵੀ ਨਾਲ ਨਾਲ ਚਲਦੇ ਹਨ ਅਤੇ ਇਹੀ ਨਾਟਕ ਦੀ ਕਮੀ ਬਣ ਜਾਂਦੀ ਹੈ। ਨਾਟਕਕਾਰ ਕੋਈ ਹਟਵੀਂ ਜਾਂ ਨਵੀਂ ਗੱਲ ਨਹੀਂ ਕਹਿ ਸਕਿਆ। ਇਹਦਾ ਇਕ ਕਾਰਨ ਸ਼ਾਇਦ ਇਹ ਕਹਿ ਸਕਦੇ ਹਾਂ ਕਿ ਜਿਸ ਸਕੀਮ ਅਧੀਨ ਇਹ ਨਾਟਕ ਵਰਕਸ਼ਾਪ ਵਿਚ ਲਿਖਿਆ ਗਿਆ, ਉਸਦੇ ਸੰਦਰਭ ਵਿਚ ਹੱਟਵੀਂ ਗੱਲ ਕਹਿਣੀ ਸ਼ਾਇਦ ਮੁਸ਼ਕਿਲ ਹੋਵੇ। ਉਹ ਸਾਰੇ ਸਿਸਟਮ ਦੀ ਆਲੋਚਨਾ ਹੋ ਜਾਂਦੀ ਹੈ। ਇਕ ਪਾਤਰ ਗਾਬੂ (ਹਰਦੀਪ ਗਿਲ) ਨਾਟਕ ਵਿਚ ਹਾਜ਼ਰ ਹੈ ਜਿਸ ਕੋਲ ਸਾਰੇ ਵਰਤਾਰੇ ਬਾਰੇ ਟਿਪਣੀ ਕਰਨ ਦੀ ਸੰਭਾਵਨਾ ਹੈ ਪਰ ਉਹ ਉਪਰ ਉਪਰ ਦੀ ਗੱਲ ਕਰ ਕੇ ਸਾਰ ਲੈਂਦਾ ਹੈ। ਕੀ ਪੰਜਾਬ ਦੇ ਪਿੰਡਾਂ ਵਿਚ ਸੰਘਰਸ਼ ਨਾਂ ਦੀ ਕੋਈ ਗੱਲ ਨਹੀਂ? ਕੀ ਪੰਜਾਬ ਦਾ ਸਭਿਆਚਾਰ ਹੋਣੀ ਅੱਗੇ ਗੋਡੇ ਟੇਕ ਦੇਣਾ ਹੀ ਹੈ? ਇਹ ਸਾਹਿਤਕਾਰਾਂ/ਨਾਟਕਕਾਰਾਂ ਲਈ ਇਕ ਵੱਡਾ ਸਵਾਲ ਹੈ।

ਇਸ ਸਵਾਲ ਦਾ ਜਵਾਬ ਦੇਣ ਤੋਂ ਸਾਹਿਤਕਾਰ/ਨਾਟਕਕਾਰ ਸੰਕੋਚ ਕਰਨ ਲਗ ਪਏ ਹਨ ਕਿਉਂਕਿ ਇਹ ਆਖਿਆ ਜਾਣ ਲੱਗ ਪਿਆ ਹੈ ਕਿ ਇਹ ਜਵਾਬ ਦੇਣਾ ਸਾਹਿਤਕ ਨਾਟਕੀ ਕਿਰਤ ਨੂੰ ਨਾਅਰੇ ਦਾ ਰੂਪ ਦੇ ਦੇਵੇਗਾ। ਇਹ ਸੰਕੋਚ 'ਢੋਲ ਸਿਪਾਹੀ' ਦੀ ਸਕਰਿਪਟ ਵਿਚ ਪੂਰੀ ਤਰ੍ਹਾਂ ਰੂਪਮਾਨ ਹੈ। ਇਹੀ ਰੁਝਾਨ ਹੀ ਸਾਹਿਤ/ਨਾਟਕ ਨੂੰ ਲੋਕਾਂ ਤੋਂ ਦੂਰ ਲਿਜਾ ਰਿਹਾ ਹੈ। ਇਹਦਾ ਫਿਕਰ ਜ਼ਰੂਰੀ ਹੈ।

ਸਟੇਜ ਨਾਟਕ, ਰੇਡੀਓ ਨਾਟਕ, ਟੀ.ਵੀ. ਨਾਟਕ ਅਤੇ ਫਿਲਮ ਦੀ ਸਕਰਿਪਟ ਵਿਚ ਇਕ ਫਰਕ ਹੈ। ਪਰ ਲਾਈਟਾਂ ਦੀ ਤਕਨੀਕ ਦੀ ਅਨੇਵਾਹ ਵਰਤੋਂ ਨਾਲ ਇਸ ਫਰਕ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਨਾਟਕ ਦੀ ਗਤੀ ਨੂੰ ਰੋਕ ਲੱਗ ਜਾਂਦੀ ਹੈ। ਨਾਟਕੀ ਟੱਕਰ ਨਾਟਕ ਦੀ ਜਾਨ ਹੁੰਦੀ ਹੈ। ਉਹ ਵਾਰਤਾਲਾਪ ਰਾਹੀਂ ਉਸਾਰਨ ਦੀ ਥਾਂ ਤਕਨੀਕੀ ਤਰੀਕੇ ਨਾਲ ਉਭਾਰਨ ਦਾ ਯਤਨ ਕੀਤਾ ਜਾਏ ਤਾਂ ਨਾਟਕ ਦੀ ਗਤੀ ਵੀ ਅਤੇ ਨਾਟਕ ਦੀ ਰੂਹ ਵੀ ਇਸ ਦਾ ਸ਼ਿਕਾਰ ਹੋ ਜਾਂਦੀ ਹੈ। ਸੈੱਟ ਡੀਜ਼ਾਇਨਿੰਗ, ਰੋਸ਼ਨੀ ਡੀਜ਼ਾਇਨਿੰਗ, ਸਟੇਜ ਦੀ ਥਾਂ ਦੀ ਵੰਡ ਨਾਟਕ ਪੇਸ਼ਕਾਰੀ ਲਈ ਵਧੀਆ ਸਾਧਨ ਹਨ, ਪਰ ਇਨ੍ਹਾਂ ਦੀ ਵਰਤੋਂ ਉਨੀ ਹੀ ਹੋਣੀ ਚਾਹੀਦੀ ਹੈ ਕਿ ਉਹ ਨਾਟਕ ਦੀ ਗਤੀ ਵਿਚ ਫਰਕ ਨਾ ਪਾਣ। ਸੁਪਨੇ ਦੇ ਸੀਨ ਇਸ ਵਿਘਨ ਦੀ ਮਿਸਾਲ ਹਨ।

ਪੰਜਾਬੀ ਰੰਗਮੰਚ ਦੇ ਖੇਤਰ ਵਿਚ ਕੇਵਲ ਧਾਲੀਵਾਲ ਦਾ ਨਾਂ ਗਿਣਿਆ ਜਾ ਸਕਦਾ ਹੈ ਕਿ ਉਹ ਪੰਜਾਬੀ ਨਾਟਕ ਨੂੰ ਆਧੁਨਿਕ ਵਿਸ਼ਾਲਤਾ ਦੇਣ ਲਈ ਸਿਰ-ਤੋੜ ਮਿਹਨਤ ਕਰ ਰਿਹਾ ਹੈ ਪਰ 'ਢੋਲ ਸਿਪਾਹੀ' ਦੀ ਪੇਸ਼ਕਾਰੀ ਦੇਖ ਕੇ ਇਹ ਜ਼ਰੂਰ ਲੱਗਿਆ ਕਿ ਕਮਾਲ ਦੀ ਸੈੱਟ ਡੀਜ਼ਾਇਨਿੰਗ, ਰੋਸ਼ਨੀ ਦੀ ਸਹੀ ਵਰਤੋਂ, ਸਾਰੇ ਕਲਾਕਾਰਾਂ ਵਲੋਂ ਉੱਚੇ ਪੱਧਰ ਦੀ ਐਕਟਿੰਗ, (ਰੀਹਰਸਲ ਦਾ ਨਤੀਜਾ) ਦੇ ਬਾਵਜੂਦ ਨਾਟਕ ਖਿਲਰਿਆ ਖਿਲਰਿਆ ਹੋਣ ਦਾ ਪ੍ਰਭਾਵ ਦਿੰਦਾ ਹੈ। ਇਸ ਬਾਰੇ ਘੋਖ ਦੀ ਲੋੜ ਹੈ।

'ਢੋਲ ਸਿਪਾਹੀ' ਦੀ ਪੇਸ਼ਕਾਰੀ ਆਪਣੇ ਆਪ ਵਿਚ ਨਾਟਕ ਪੇਸ਼ ਕਰਨ ਦਾ ਸਹੀ ਅਮਲ ਹੈ। ਵਰਕਸ਼ਾਪ ਵਿਚ ਸਕਰਿਪਟ ਤਿਆਰ ਕਰਨੀ, ਸਿਆਣੇ ਨਿਰਦੇਸ਼ਕ ਨੂੰ ਜ਼ਿੰਦਗੀ ਦੇਣੀ ਅਤੇ ਵਰਕਸ਼ਾਪ ਲਾ ਕੇ ਹੀ ਨਾਟਕ ਤਿਆਰ ਕਰਨਾ, ਨਾਟਕ ਦੇ ਵਿਕਾਸ ਲਈ ਜ਼ਰੂਰੀ ਹੈ। ਇਹ ਅਮਲ ਸਹੀ ਦਿਸ਼ਾ ਦਾ ਸੂਚਕ ਹੈ। 'ਢੋਲ ਸਿਪਾਹੀ' ਦੀ ਪੇਸ਼ਕਾਰੀ ਇਸ ਗੱਲੋਂ ਮਹੱਤਵਪੂਰਨ ਪੇਸ਼ਕਾਰੀ ਕਹੀ ਜਾ ਸਕਦੀ ਹੈ।